# ਗੁਰੂ ਨਾਨਕ - ਸਬਦ ੫੧

## ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥

### ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੭

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥
ਕਰਤਾ ਸਭੁ ਕੋ ਤੇਰੈ ਜੋਰਿ ॥
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀਂ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥
ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥
ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥

ਸਾਰ: ਅਰਥ ਭਰਪੂਰ ਸਾਥ ਡੂੰਘੀ ਸੂਝ, ਆਪਸੀ ਸਤਿਕਾਰ ਅਤੇ ਖੁੱਲ੍ਹੇ ਸੰਚਾਰ ਰਾਹੀਂ ਪ੍ਰਫੁੱਲਤ ਹੁੰਦਾ ਹੈ। ਜਿਹੜੇ ਆਪਣੇ ਅੰਦਰ ਇਹ ਗੁਣ ਪੈਦਾ ਕਰ ਲੈਂਦੇ ਹਨ, ਉਹ ਸੰਤੁਸ਼ਟੀ ਅਤੇ ਧੀਰਜ ਵਰਗੇ ਗੁਣਾਂ ਦਾ ਮੁਜਸਮਾ ਹੋ ਜਾਂਦੇ ਹਨ। ਉਨ੍ਹਾਂ ਦੇ ਅਨੁਭਵਾਂ ਤੋਂ ਸਿੱਖਿਆ ਗ੍ਰਹਿਣ ਕਰਕੇ, ਅਸੀਂ ਬਿਬੇਕ ਦੀ ਯਾਤਰਾ ਵਿਚ ਮੁਲਵਾਨ ਅੰਤਰਦ੍ਰਿਸ਼ਟੀ ਪ੍ਰਾਪਤ ਕਰ ਸਕਦੇ ਹਾਂ, ਜੋ ਸਾਨੂੰ ਸਰਬਤ ਦੇ ਭਲੇ ਲਈ ਵਚਨਬੱਧ ਹੋਣ ਲਈ ਪ੍ਰੇਰਿਤ ਕਰਦੀ ਹੈ। ਸਮੂਹਿਕ ਵਿਕਾਸ ਨੂੰ ਉਤਸ਼ਾਹਿਤ ਕਰ, ਅਸੀਂ ਸੰਪੂਰਨ ਸਥਾਈ ਰਿਸ਼ਤੇ ਸਿਰਜ, ਆਪਣੇ ਅਤੇ ਦੂਜਿਆਂ ਦੇ ਜੀਵਨ ਨੂੰ ਅਮੀਰ ਬਣਾ ਸਕਦੇ ਹਾਂ।

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥

ਹੇ ਜਨੋਂ ਆਓ ਇਕੱਤਰ ਹੋਵੇ ਅਤੇ ਇੱਕ ਦੂਜੇ ਨੂੰ ਸਾਥੀਆਂ ਵਾਂਗ ਗਲੇ ਲਗਾਓ।

ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

ਇਕੱਠੇ ਮਿਲ, ਸਰਬ-ਵਿਆਪੀ ਸਾਥੀ ਦੇ ਗੁਣਾਂ ਬਾਰੇ ਵਿਚਾਰ ਕਰੋ।

ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥

ਸੱਚੀ ਸਰਵਵਿਆਪੀ ਊਰਜਾ ਸਾਰੇ ਗੁਣਾਂ ਨੂੰ ਦਰਸਾਉਂਦੀ ਹੈ, ਪਰ ਏਕਮ ਨੂੰ ਨਾ ਸਮਝਣ ਵਿੱਚ ਸਾਰੀਆਂ ਕਮੀਆਂ ਸਾਡੀਆਂ ਹਨ। (੧)

ਕਰਤਾ ਸਭੁ ਕੋ ਤੇਰੈ ਜੋਰਿ ॥

ਸਭ ਕੁਝ ਸਰਬਸ਼ਕਤੀਮਾਨ ਸਿਰਜਣਹਾਰ ਦੀ ਸਤਾ ਹੀ ਵਰਤ ਰਹੀ ਹੈ।

ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥

ਇਸ ਇੱਕ ਤੱਤ 'ਤੇ ਵਿਚਾਰ ਕਰੋ; ਜੇਕਰ ਸਰਬ ਵਿਆਪਕ ਊਰਜਾ ਹਰ ਥਾਂ ਹੈ, ਤਾਂ ਹੋਰ ਇਥੇ ਕੀ ਹੈ? (੧)(ਠਹਿਰਾਉ)

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀਂ ॥

ਉਨ੍ਹਾਂ ਤੋਂ ਬਿਬੇਕ ਦੀ ਜਾਚਨਾ ਕਰੋ ਜਿਨ੍ਹਾਂ ਨੂੰ ਨੇਕ ਸੰਗਤ ਮਿਲੀ ਹੈ ਅਤੇ ਸਿੱਖੋ ਕਿ ਉਨ੍ਹਾਂ ਨੇ ਇਹ ਦੈਵੀ ਬੰਧਨ ਕਿਵੇਂ ਪ੍ਰਾਪਤ ਕੀਤਾ?

ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥

ਸਹਿਜ ਸੂਝ, ਸੰਤੋਖ ਅਤੇ ਸੁਹਾਵਣੇ ਸੰਚਾਰ ਰਾਹੀਂ।

ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥

ਪਿਆਰੇ ਸਾਥੀ ਗੁਣਾਂ ਦੀ ਪ੍ਰਾਪਤੀ ਓਦੋਂ ਹੁੰਦੀ ਹੈ ਜਦੋਂ ਕੋਈ ਗਿਆਨ ਦੇ ਸ਼ਬਦਾਂ ਨੂੰ ਸੁਣਦਾ ਹੈ ਜੋ ਹਨੇਰੇ ਤੋਂ ਰੋਸ਼ਨੀ ਵੱਲ ਲੈ ਜਾਂਦੇ ਹਨ। (੨)

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥

ਕੁਦਰਤ ਵਿੱਚ ਕਈ ਰੂਪ ਹਨ ਜੋ ਭਰਪੂਰ ਸਰੋਤਾਂ ਦਾ ਸੋਮਾ ਹਨ।

ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥

ਵੱਖ-ਵੱਖ ਜੀਵਾਂ ਵਿੱਚ ਸਮਾਈ ਹੋਈ ਸਰਵਵਿਆਪੀ ਊਰਜਾ ਵਿੱਚ ਅਜਿਹੇ ਗੁਣ ਹਨ ਜੋ ਦਿਨ-ਰਾਤ ਪ੍ਰਸ਼ੰਸਾ ਦੇ ਯੋਗ ਹਨ।

ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥

ਸਰਵ ਵਿਆਪਕ ਊਰਜਾ ਕਈ ਰੂਪਾਂ, ਰੰਗਾਂ, ਸਮਾਜਿਕ ਰੁਤਬਿਆਂ, ਵਿੱਤੀ ਵਰਗਾਂ, ਉੱਚ ਅਤੇ ਨੀਵੇਂ ਪੱਧਰਾਂ ਵਿੱਚ ਪ੍ਰਗਟ ਹੁੰਦੀ ਹੈ। (੩)

ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥

ਸਚੇ ਸਵੈ ਨਾਲ ਜੁੜਨ ਨਾਲ, ਸਤਿ ਦਾ ਉਭਾਰ ਹੁੰਦਾ ਹੈ; ਜੀਵ ਸਚਿਆਰ ਬਣ ਜਾਂਦਾ ਹੈ ਅਤੇ ਸੱਚੀ ਸਰਵ ਵਿਆਪਕਤਾ ਵਿੱਚ ਲੀਨ ਹੋ ਜਾਂਦਾ ਹੈ।

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥

ਆਪਣੇ ਚੋਗਿਰਦੇ ਪ੍ਰਤੀ ਸੁਚੇਤ ਹੋਣ ਨਾਲ ਵਿਸ਼ਵਵਿਆਪੀ ਸਨਮਾਨ ਮਿਲਦਾ ਹੈ। ਸੂਝਮਈ ਸ਼ਬਦ ਹਨੇਰੇ ਤੋਂ ਜਾਗਰੂਕਤਾ ਵੱਲ ਸਾਡੇ ਰਸਤੇ ਨੂੰ ਰੌਸ਼ਨ ਕਰਦੇ ਹਨ, ਡਰ ਨੂੰ ਦੂਰ ਕਰਦੇ ਹਨ।

ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥

ਨਾਨਕ ਕਹਿੰਦੇ ਹਨ ਕਿ ਸੱਚੀ ਸਰਵਵਿਆਪੀ ਸਤਾ ਆਪਣੀ ਰਚਨਾ ਨੂੰ ਆਪਣੇ ਅੰਦਰ ਹੀ ਸਮਾ ਲੈਂਦੀ ਹੈ। (੪)(੧੦)

ਤੱਤ: ਗੁਰੂ ਨਾਨਕ ਸਵੈ ਅਤੇ ਸੰਸਾਰ ਪ੍ਰਤੀ ਜਾਗਰੂਕਤਾ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ, ਜੋ ਵਿਸ਼ਵਵਿਆਪੀ ਸਤਿਕਾਰ ਨੂੰ ਉਤਸ਼ਾਹਿਤ ਕਰਦੀ ਹੈ। ਮਨ ਦੀ ਇਕਾਗਰਤਾ ਸਾਡੀ ਅੰਤਰਸੰਬੰਧਤਾ ਨੂੰ ਪ੍ਰਗਟ ਕਰਦੀ ਹੈ, ਜਿਸ ਨਾਲ ਅਸੀਂ ਆਪਣੇ ਸੱਚੇ ਸਵੈ ਨਾਲ ਜੁੜ ਸਕਦੇ ਹਾਂ ਅਤੇ ਇਮਾਨਦਾਰੀ ਨੂੰ ਮੂਰਤੀਮਾਨ ਕਰ ਸਕਦੇ ਹਾਂ। ਇਹ ਜਾਗਰੂਕਤਾ ਸਤਿਕਾਰ, ਦਇਆ ਅਤੇ ਸਮਝ ਨੂੰ ਉਤਸ਼ਾਹਿਤ ਕਰਦੀ

ਹੈ, ਸਾਨੂੰ ਨਿਰਸਵਾਰਥਤਾ, ਸਮਾਨਤਾ ਅਤੇ ਪਿਆਰ ਵੱਲ ਵੀ ਸੇਧਿਤ ਕਰਦੀ ਹੈ। ਅੰਤ ਇਹ ਮਨੁਖਤਾ ਅਤੇ ਚੋਗਿਰਦੇ ਨੂੰ ਇਕਸੁਰਤਾ ਵਿੱਚ ਬੰਨਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**